## ਸ਼ੇਖ ਫ਼ਰੀਦ - ਸਬਦ ੧੨੩

## ਹਉ ਢੂਢੇਦੀ ਸਜਣਾ ਸਜਣੁ ਮੈਡੇ ਨਾਲਿ ॥

## ਸਲੋਕ, ਗੁਰੂ ਰਾਮਦਾਸ, ਗੁਰੂ ਗ੍ਰੰਥ ਸਾਹਿਬ, ੧੩੮੪

ਹਉ ਢੂਢੇਦੀ ਸਜਣਾ ਸਜਣੁ ਮੈਡੇ ਨਾਲਿ ॥
ਨਾਨਕ ਅਲਖੁ ਨ ਲਖੀਐ ਗੁਰਮੁਖਿ ਦੇਇ ਦਿਖਾਲਿ ॥੧੨੧॥

**ਸਾਰ:** ਵਿਸ਼ਵਵਿਆਪੀ ਹਕੀਕਤ ਸਮੁੱਚੀ ਹੋਂਦ ਲਈ ਇਕ ਨੀਂਹ ਦੀ ਤਰ੍ਹਾਂ ਕਾਰਜ਼ ਕਰਦੀ ਹੈ, ਅਤੇ ਮੂਲ ਰੂਪ ਵਿਚ ਇਸ ਨਾਲ ਅੰਤਰੀਵੀ ਤੌਰ 'ਤੇ ਜੁੜੀ ਹੁੰਦੀ ਹੈ। ਜਿਸ ਤਰ੍ਹਾਂ ਸਾਡਾ ਪ੍ਰੀਤਮ ਪਿਆਰ ਰੂਪ ਹੋ, ਹਮੇਸ਼ਾਂ ਹਾਜ਼ਰ ਰਹਿੰਦਾ ਹੈ, ਅਤੇ ਉਹ ਹੋਂਦ ਦੀ ਮੂਲ ਪ੍ਰਕਿਰਤੀ ਵਿਚ ਰਮਿਆ ਹੋਇਆ ਵੀ ਹੈ। ਪਰ ਅਗਿਆਨਤਾ ਵਿਛੋੜੇ ਦੀ ਭਾਵਨਾ ਪੈਦਾ ਕਰ ਦਿੰਦੀ ਹੈ, ਕਿਸੇ ਅਜਿਹੀ ਵਸਤ ਲਈ ਡੂੰਘੀ ਤਾਂਘ ਪੈਦਾ ਕਰ ਸਕਦੀ ਹੈ ਜੋ ਗੁਆਚੀ ਹੋਈ ਮਹਿਸੂਸ ਹੁੰਦੀ ਹੈ ਪਰ ਸਿਰਫ਼ ਅਸਪਸ਼ਟ ਰੂਪ ਵਿਚ। ਇਹ ਤਾਂਘ ਲੁਕੀ ਹੋਈ ਨੇੜਤਾ ਨੂੰ ਪ੍ਰਗਟ ਕਰਦੀ ਹੈ। ਅਕਸਰ, ਆਪਾ ਜਿਸ ਦੀ ਭਾਲ ਕਰਦਾ ਹੈ ਉਹ ਪਹਿਲਾਂ ਹੀ ਸਾਡੀ ਪਹੁੰਚ ਵਿਚ ਹੁੰਦਾ ਹੈ, ਜਾਗਰੂਕਤਾ ਦੇ ਧੁਰ ਅੰਦਰ ਚੁੱਪ ਸ਼ਾਂਤ ਬੈਠਾ। ਇਸ ਸੱਚ ਨੂੰ ਕਲਾਵੇ ਵਿਚ ਲਿਆਂ ਉਸ ਗੂੜ੍ਹ ਸੰਬੰਧ ਨੂੰ ਉਜਾਗਰ ਕੀਤਾ ਜਾ ਸਕਦਾ ਹੈ ਜੋ ਸਾਡੇ ਅੰਦਰ ਹਮੇਸਾਂ ਵਸਦਾ ਹੈ।

ਹਉ ਢੂਢੇਦੀ ਸਜਣਾ ਸਜਣੁ ਮੈਡੇ ਨਾਲਿ ॥
ਮੈਂ ਪ੍ਰੀਤਮ ਦੀ ਭਾਲ ਵਿਚ ਰੁਝੀ ਹੋਈ ਸੀ, ਪਰ ਉਹ ਤਾਂ ਮੇਰੇ ਅੰਦਰ ਹੀ ਵੱਸਦਾ ਹੈ। ਇਹ ਭਾਵ ਦਰਸਾਉਂਦਾ ਹੈ ਕਿ ਜਾਗਰੂਕਤਾ ਹਮੇਸ਼ਾ ਮੌਜੂਦ ਹੁੰਦੀ ਹੈ; ਅਗਿਆਨਤਾ ਕਾਰਣ ਇਹ ਦੂਰ ਮਹਿਸੂਸ ਹੋ ਸਕਦੀ ਹੈ, ਅਤੇ ਅਸੀਂ ਇਸ ਲਈ ਤਰਸਦੇ ਰਹਿੰਦੇ ਹਾਂ।

ਨਾਨਕ ਅਲਖੁ ਨ ਲਖੀਐ ਗੁਰਮੁਖਿ ਦੇਇ ਦਿਖਾਲਿ ॥੧੨੧॥
ਨਾਨਕ ਕਹਿੰਦੇ ਹਨ ਕਿ ਇੰਦ੍ਰੀਆਂ ਉਸ ਅਗੋਚਰ ਤੱਤ ਨੂੰ ਨਹੀਂ ਸਮਝ ਸਕਦੀਆਂ; ਉਹ ਤਾਂ ਉਸ ਅੰਤਰ-ਆਤਮਾ ਦੁਆਰਾ ਅਨੁਭਵ ਕੀਤਾ ਜਾਂਦਾ ਹੈ ਜੋ ਗਿਆਨ ਨਾਲ ਇਕਸੁਰ ਹੁੰਦੀ ਹੈ।

**ਤੱਤ:** ਗੁਰੂ ਰਾਮਦਾਸ ਉਸ ਤੱਥ ਨੂੰ ਪ੍ਰਗਟ ਕਰਦੇ ਹਨ ਜਿਸ ਬਾਰੇ ਸ਼ੇਖ ਫ਼ਰੀਦ ਦਰਸਾਉਂਦੇ ਹਨ ਕਿ ਸਰਬਵਿਆਪੀ ਅਦਿੱਖ ਸਰੋਤ ਕੋਈ ਮੰਜ਼ਿਲ ਨਹੀਂ, ਸਗੋਂ ਇਕ ਹਾਜ਼ਰਤਾ ਹੈ ਜਿਸਨੂੰ ਅੰਤਰੀਵੀ ਸਪਸ਼ਟਤਾ ਰਾਹੀਂ ਪਛਾਣਿਆ ਜਾਂਦਾ ਹੈ। ਇਹ ਕੋਈ ਅਜਿਹੀ ਵਸਤ ਨਹੀਂ ਜਿਸਨੂੰ ਅਸੀਂ ਫੜ ਸਕੀਏ; ਇਸ ਦੀ ਸੂਝ

ਤਦ ਹੁੰਦੀ ਹੈ ਜਦੋਂ ਅੰਤਹਕਰਣ ਬਿਬੇਕ ਨਾਲ ਇਕਸੁਰ ਹੋ ਜਾਂਦਾ ਹੈ। ਇਸ ਇਕਸੁਰਤਾ ਵਿਚ, ਅਦਿੱਖ ਵੀ ਪ੍ਰਗਟ ਹੋਣ ਲੱਗਦਾ ਹੈ ਅਤੇ ਵਿਛੋੜੇ ਦਾ ਭਰਮ ਹੌਲੀ-ਹੌਲੀ ਮਿਟ ਜਾਂਦਾ ਹੈ। ਇਸ ਤਰ੍ਹਾਂ ਅਸੀਂ ਆਪਣੇ ਆਪ ਨਾਲ ਅਤੇ ਆਪਣੇ ਆਲੇ-ਦੁਆਲੇ ਦੇ ਸੰਸਾਰ ਨਾਲ ਗੂੜ੍ਹ ਰੂਪ ਵਿਚ ਜੁੜਨ ਲੱਗ ਪੈਂਦੇ ਹਾਂ।

---


ਪਹਿਲਕਦਮੀ

**Oneness In Diversity Research Foundation**
**ਵੈੱਬਸਾਈਟ: OnenessInDiversity.com**

**ਈਮੇਲ: onenessindiversityfoundation@gmail.com**